**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ, ਸਮੱਗਰ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**

**ਵਿੱਦਿਆ ਭਵਨ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਐਸ ਏ ਐਸ ਨਗਰ (ਮੁਹਾਲੀ), ਪੰਜਾਬ**

---

ਵੱਲ

ਜਿਲ੍ਹਾ ਸਿੱਖਿਆ ਅਫਸਰ (ਸੈ ਸਿ), ਪੰਜਾਬ
ਜਿਲ੍ਹਾ ਸਿੱਖਿਆ ਅਫਸਰ (ਐ ਸਿ), ਪੰਜਾਬ

ਮੀਮੋ ਨੰ – 2023/ਸਸਅ/ਐਮ ਆਈ ਐਸ / 294633
ਮਿਤੀ 18 ਅਕਤੂਬਰ, 2023

**ਵਿਸ਼ਾ** **ਯੂਡਾਈਸ ਸਰਵੇ 2023-24 ਸਬੰਧੀ।**

1.0 ਯੂਡਾਈਸ ਸਰਵੇ 2023-24 ਸਬੰਧੀ ਸਕੂਲਾਂ ਵਲੋਂ ਡਾਟਾ ਐਂਟਰੀ ਲਈ ਪੋਰਟਲ ਭਾਰਤ ਸਰਕਾਰ ਵਲੋਂ ਖੋਲ ਦਿੱਤਾ ਗਿਆ ਹੈ। ਇਸ ਪੋਰਟਲ ਉੱਤੇ ਪੰਜਾਬ ਰਾਜ ਦੇ ਸਮੂਹ ਸਕੂਲਾਂ (ਸਰਕਾਰੀ, ਏਡਿਡ, ਪ੍ਰਾਈਵੇਟ ਆਦਿ) ਵਲੋਂ ਸਕੂਲ ਦੇ ਬੁਨਿਆਦੀ ਢਾਂਚੇ, ਵਿਦਿਆਰਥੀ, ਸਟਾਫ, ਨਤੀਜੇ ਆਦਿ ਸਬੰਧੀ ਡਾਟਾ ਭਰਿਆ ਜਾਣਾ ਹੈ। ਇਹ ਡਾਟਾਂ ਸਕੂਲਾਂ ਵਲੋਂ 30 ਸਤੰਬਰ 2023 ਨੂੰ ਸਕੂਲ ਦੀ ਸਥਿਤੀ ਦੇ ਅਧਾਰ ਉੱਤੇ ਭਰਿਆ ਜਾਵੇਗਾ।

2.0 ਮਿਤੀ 05-10-2023 ਨੂੰ ਸਕੱਤਰ ਸਕੂਲ ਸਿੱਖਿਆ ਜੀ ਵਲੋਂ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਦੀ ਮੀਟਿੰਗ ਦੋਰਾਨ ਲਏ ਗਏ ਫੈਸਲੇ ਅਨੁਸਾਰ ਯੂਡਾਈਸ ਡਾਟਾ ਦੀ ਗੁਣਵੱਤਾ ਵਧਾਉਣ ਲਈ 2-2 ਸਕੂਲਾਂ ਦੇ Pair ਬਣਾਏ ਜਾਣ ਅਤੇ ਸਕੂਲਾਂ ਵਲੋਂ ਇੱਕ-ਦੂਜੇ ਸਕੂਲ ਦਾ ਡਾਟਾ ਚੈੱਕ ਕਰਕੇ ਵੈਰੀਫਾਈ ਕੀਤਾ ਜਾਵੇ। ਜਿਲ੍ਹਾ ਸਿੱਖਿਆ ਅਫਸਰ (ਸੈ ਸਿ) ਅਤੇ (ਐ ਸਿ) ਵਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਸਕੂਲਾਂ ਦੇ Pair ਬਨਾਉਣ ਉਪਰੰਤ ਡਾਟਾ ਦੀ ਚੈਕਿੰਗ ਠੀਕ ਅਤੇ ਰਿਕਾਰਡ ਅਨੁਸਾਰ ਹੋਵੇ ਅਤੇ ਜੇਕਰ ਡਾਟਾ ਵਿਚ ਕੋਈ ਕਮੀ ਪਾਈ ਜਾਂਦੀ ਹੈ ਤਾਂ ਸਬੰਧਤ ਸਕੂਲ ਇਸ ਨੂੰ ਤੁਰੰਤ ਠੀਕ ਕਰੇ। ਇਸ ਕੰਮ ਦੀ ਮੋਨੀਟਰਿੰਗ ਜਿਲ੍ਹਾ ਸਿੱਖਿਆ ਅਫਸਰਾਂ ਵਲੋਂ ਆਪਣੇ ਪੱਧਰ ਉੱਤੇ ਕੀਤੀ ਜਾਵੇ।

3.0 ਉਪਰੋਕਤ ਤੋਂ ਇਲਾਵਾ, ਜਿਲ੍ਹੇ ਦੇ 10 ਪ੍ਰਤੀਸ਼ਤ ਸਕੂਲਾਂ ਦੀ ਚੈਕਿੰਗ ਜਿਲ੍ਹਾ ਸਿੱਖਿਆ ਅਫਸਰ (ਸੈ ਸਿ), ਜਿਲ੍ਹਾ ਸਿੱਖਿਆ ਅਫਸਰ (ਐ ਸਿ) ਅਤੇ ਬਲਾਕ ਪ੍ਰਾਇਮਰੀ ਸਿੱਖਿਆ ਵਲੋਂ ਵੀ ਕੀਤੀ ਜਾਵੇ ਅਤੇ ਇਸ ਸਬੰਧੀ ਆਪਣੀ ਰਿਪੋਰਟ ਇਸ ਦਫਤਰ ਨੂੰ ਵੀ ਭੇਜੀ ਜਾਵੇ।

4.0 ਇਹ ਮਾਮਲਾ ਅਗਲੀ ਹੋਣ ਵਾਲੀ ਮੀਟਿੰਗ ਵਿਚ ਵਿਚਾਰਿਆ ਜਾਵੇਗਾ।

Vinay Bublani

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-**

1) ਡਾਇਰੈਕਟਰ ਸਕੂਲ ਐਜੂਕੇਸ਼ਨ (ਸੈ ਸਿ), ਪੰਜਾਬ
2) ਡਾਇਰੈਕਟਰ ਸਕੂਲ ਐਜੂਕੇਸ਼ਨ (ਐ ਸਿ), ਪੰਜਾਬ
3) ਡਾਇਰੈਕਟਰ ਐਸ ਸੀ ਈ ਆਰ ਟੀ , ਪੰਜਾਬ
4) ਸਮੱਗਰ ਸਿੱਖਿਆ ਅਭਿਆਨ ਦੇ ਸਮੂਹ ਕੰਪੋਨੈਂਟ ਇਸ ਸਬੰਧੀ ਜਰੂਰੀ ਹਦਾਇਤਾਂ ਜਾਰੀ ਕਰਨ ਹਿੱਤ।
5) ਸਬੰਧ ਜ਼ਿਲ੍ਹਾ ਐਮ ਆਈ ਐਸ ਕੋਆਰਡੀਨੇਟਰ, ਪੰਜਾਬ

ਦਫਤਰ ਜਿਲ੍ਹਾ ਸਿੱਖਿਆ ਅਫਸਰ, ਜਲੰਧਰ
ਪਿਠ ਅੰਕਣ ਨੰ. 2023 27 38
ਮਿਤੀ ਜਲੰਧਰ 19/10/2023

ਜਿਲ੍ਹਾ ਸਿੱਖਿਆ ਅਫਸਰ (ਸ਼ਸ)
ਜਲੰਧਰ